ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
12 Beds, 7 Baths For 24 Guests 905-965-4644
Home Care Workers ਅਤੇ Nanies ਲਈ PR 416-848-3930
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਦੰਦ ਲਗਵਾਓ FREE ਮੁਫ਼ਤ 905-458-3344 With CDCP

ਹੁਣ ਸਪੇਸ ਅਤੇ ਚੰਨ 'ਤੇ ਪੈਦਾ ਹੋਣਗੇ ਬੱਚੇ

ਨਿਊ ਯੌਰਕ: ਆਉਣ ਵਾਲੇ ਦਹਾਕਿਆਂ 'ਚ ਮਨੁੱਖੀ ਜੋੜੇ ਪੁਲਾੜ ਅਤੇ ਚੰਦਰਮਾ 'ਤੇ ਵੀ ਬੱਚੇ ਪੈਦਾ ਕਰਨਗੇ। ਇਸ ਦਿਸ਼ਾ 'ਚ ਵਿਗਿਆਨੀ ਨਵੇਂ ਪ੍ਰਯੋਗਾਂ 'ਤੇ ਤੇਜ਼ੀ ਨਾਲ ਕੰਮ ਕਰ ਰਹੇ ਹਨ। ਇੱਕ ਨਵੇਂ ਖੋਜ-ਪੱਤਰ 'ਚ ਕਿਹਾ ਗਿਆ ਹੈ ਕਿ ਪੁਲਾੜ 'ਚ ਮਨੁੱਖੀ ਪ੍ਰਜਣਨ ਹੁਣ ਸਿਰਫ਼ ਸਿਧਾਂਤਕ ਗੱਲ ਨਹੀਂ ਰਹੇਗੀ ਸਗੋਂ ਛੇਤੀ ਹੀ ਅਸਲ ਪ੍ਰਯੋਗ 'ਚ ਬਦਲਣ ਵਾਲੀ ਹੈ। ਖ਼ਾਸ ਕਰ ਕੇ ਮੰਗਲ ਲਈ ਲੰਬੀਆਂ ਪੁਲਾੜ ਮੁਹਿੰਮਾਂ ਦੌਰਾਨ।

ਇਹ ਖੋਜ-ਪੱਤਰ ਵਿਗਿਆਨ ਮੈਗਜ਼ੀਨ ਰੀਪ੍ਰੋਡਕਟਿਵ ਬਾਇਓਮੈਡੀਸਨ 'ਚ ਪ੍ਰਕਾਸ਼ਿਤ ਹੋਇਆ ਹੈ। ਨਾਸਾ ਦੇ ਵਿਗਿਆਨੀ ਅਤੇ ਇਸ ਖੋਜ-ਪੱਤਰ ਦੇ ਸੀਨੀਅਰ ਲੇਖਕ ਡਾ. ਫ਼ੇਥੀ ਕਾਰੋਈਆ ਅਨੁਸਾਰ ਪੁਲਾੜ 'ਚ ਇਨਸਾਨਾਂ ਦੀ ਮੌਜੂਦਗੀ ਵੱਧ ਰਹੀ ਹੈ। ਪੁਲਾੜ ਹੁਣ ਤੇਜ਼ੀ ਨਾਲ ਨਵਾਂ ਕਾਰਜ ਸਥਾਨ ਬਣਨ ਜਾ ਰਿਹਾ ਹੈ। ਇਸ ਲਈ ਉੱਥੇ ਕੰਮ ਕਰਨ ਵਾਲੇ ਲੋਕਾਂ ਦੇ ਪ੍ਰਜਣਨ ਸਿਹਤ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ। ਇਸ ਲਈ ਧਰਤੀ ਤੋਂ ਇਲਾਵਾ ਵੀ ਮਨੁੱਖੀ ਵਿਕਾਸ ਬਾਰੇ ਕੰਮ ਕੀਤਾ ਜਾ ਰਿਹਾ ਹੈ।

ਕਿਊਟੋ ਯੂਨੀਵਰਸਿਟੀ ਦੇ ਖੋਜਕਾਰਾਂ ਨੇ ਪਿਛਲੇ ਸਾਲ ਆਪਣੇ ਪ੍ਰਯੋਗ ਨਾਲ ਇਹ ਸਾਬਿਤ ਕੀਤਾ ਕਿ ਚੂਹੇ ਦੇ ਅੰਡਾਣੂ ਅਤੇ ਸ਼ੁਕਰਾਣੂ ਪੁਲਾੜ 'ਚ ਵੀ ਜਿਊਂਦੇ ਰਹਿੰਦੇ ਹਨ, ਅਤੇ ਇਨ੍ਹਾਂ ਤੋਂ ਸਿਹਤਮੰਦ ਬੱਚੇ ਪੈਦਾ ਹੁੰਦੇ ਹਨ। ਚੂਹਿਆਂ ਦੇ

ਸਟੈੱਮ ਸੈੱਲ ਦੇ ਕਲਚਰ ਤੋਂ ਬਾਅਦ ਫ਼੍ਰੀਜ਼ ਕੀਤੇ ਗਏ ਸਟੌਕ ਨਾਲ ਪੁਲਾੜ ਸਟੇਸ਼ਨ 'ਤੇ ਪ੍ਰਯੋਗ ਕੀਤੇ ਗਏ। ਬਾਅਦ 'ਚ ਉਨ੍ਹਾਂ ਨੂੰ ਚੂਹੀਆਂ 'ਚ ਇੰਜੈਕਟ ਕਰਨ 'ਤੇ ਸਿਹਤਮੰਦ ਬੱਚੇ ਪੈਦਾ ਹੋਏ।

ਇਸ ਖੋਜ-ਪੱਤਰ ਨੂੰ ਲਿਖਣ ਵਾਲੀ ਨੌਂ ਵਿਗਿਆਨੀਆਂ ਦੀ ਇੱਕ ਟੀਮ ਦਾ ਕਹਿਣਾ ਹੈ ਕਿ ਘੱਟ ਗੁਰੂਤਾ 'ਤੇ ਸੰਤਾਨ ਪੈਦਾ ਕਰਨ ਦੇ ਪ੍ਰਯੋਗ ਲਈ ਚੰਦਰਮਾ ਬਿਹਤਰ ਸਥਾਨ ਹੈ। ਇਸ ਦੀ ਵਰਤੋਂ ਕੁਦਰਤੀ ਪਾਲਣ-ਕੇਂਦਰ ਵਜੋਂ ਕੀਤੀ ਜਾ ਸਕਦੀ ਹੈ। ਹਾਲਾਂਕਿ ਇਸ 'ਚ ਅਜੇ ਕੁਝ ਦਹਾਕੇ ਲੱਗ ਸਕਦੇ ਹਨ। ਯੌਰਪ 2050 ਤਕ ਚੰਦਰਮਾ 'ਤੇ ਮਨੁੱਖੀ ਕਾਲੋਨੀ ਵਸਾਉਣ ਦੀ ਦਿਸ਼ਾ 'ਚ ਕੰਮ ਕਰ ਰਿਹਾ ਹੈ। ਇਨ੍ਹਾਂ ਕਾਲੋਨੀਆਂ 'ਚ ਪੂਰਾ ਪਰਿਵਾਰ ਰਹੇਗਾ।

ਯੌਰਪੀਅਨ ਸਪੇਸ ਏਜੰਸੀ ਦੇ ਐਮਬੈਸਡਰ ਪ੍ਰੋਫ਼ੈਸਰ ਬਰਨਾਰਡ ਫ਼ੋਇੰਗ ਮੂਨ ਵਿਲੇਜ ਮਿਸ਼ਨ 'ਤੇ ਕੰਮ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ 2030 ਤਕ ਅਸੀਂ ਛੇ ਤੋਂ 10 ਲੋਕਾਂ ਨੂੰ ਚੰਦ 'ਤੇ ਭੇਜ ਦੇਵਾਂਗੇ। ਇਹ ਗਿਣਤੀ 2040 ਤਕ 100 ਹੋ ਜਾਵੇਗੀ। 2050 'ਚ ਅਸੀਂ ਕਹਿ ਸਕਾਂਗੇ ਕਿ ਚੰਦਰਮਾ 'ਤੇ ਸਾਡੇ ਹਜ਼ਾਰਾਂ ਲੋਕ ਹਨ, ਅਤੇ ਉੱਥੇ ਸਾਡੇ ਪਰਿਵਾਰ ਰਹਿੰਦੇ ਹਨ।

ਪੰਜਾਬੀ ਮੂਲ ਦੇ ਸਾਰਜੰਟ ਸਣੇ Police ਦੇ ਸੱਤ ਅਧਿਕਾਰੀ ਗ੍ਰਿਫ਼ਤਾਰ

ਟੋਰੌਂਟੋ: ਕੈਨੇਡਾ 'ਚ ਟੋਰੌਂਟੋ ਪੁਲੀਸ ਨਾਲ ਜੁੜੇ ਭ੍ਰਿਸ਼ਟਾਚਾਰ ਅਤੇ ਸੰਗਠਿਤ ਅਪਰਾਧ ਦੇ ਮਾਮਲੇ 'ਚ ਵੱਡੀ ਕਾਰਵਾਈ ਕਰਦਿਆਂ ਕਈ ਪੁਲੀਸ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸਥਾਨਕ ਮੀਡੀਆ ਰਿਪੋਰਟਾਂ ਮੁਤਾਬਿਕ ਇਹ ਕਾਰਵਾਈ ਕਈ ਮਹੀਨਿਆਂ ਤੋਂ ਚੱਲ ਰਹੀ ਗੁਪਤ ਜਾਂਚ ਤੋਂ ਬਾਅਦ ਕੀਤੀ ਗਈ ਹੈ।

ਪੁਲੀਸ ਅਧਿਕਾਰੀਆਂ 'ਤੇ ਦੋਸ਼ ਹੈ ਕਿ ਉਹ ਸੰਗਠਿਤ ਅਪਰਾਧੀ ਗਿਰੋਹਾਂ ਨਾਲ ਮਿਲ ਕੇ ਗੁਪਤ ਜਾਣਕਾਰੀ ਸਾਂਝੀ ਕਰ ਰਹੇ ਸਨ ਅਤੇ ਕਾਨੂੰਨੀ ਪ੍ਰਕਿਰਿਆ 'ਚ ਰੁਕਾਵਟ ਪੈਦਾ ਕਰ ਰਹੇ ਸਨ। ਜਾਂਚ ਏਜੰਸੀਆਂ ਦਾ ਕਹਿਣਾ ਹੈ ਕਿ ਇਹ ਗਤੀਵਿਧੀਆਂ ਸਮਾਜਿਕ ਸੁਰੱਖਿਆ ਲਈ ਗੰਭੀਰ ਖ਼ਤਰਾ ਬਣ ਰਹੀਆਂ ਸਨ।

ਇਸ ਸਬੰਧ 'ਚ ਇੱਕ ਪ੍ਰੈੱਸ ਕਾਨਫ਼ਰੰਸ ਦੌਰਾਨ ਟੋਰੌਂਟੋ ਪੁਲੀਸ ਦੇ

ਅਧਿਕਾਰੀਆਂ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਕਿਹਾ ਕਿ ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਜ਼ੀਰੋ ਟੌਲਰੈਂਸ ਨੀਤੀ ਅਪਨਾਈ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸ਼ੁਰੂਆਤੀ ਜਾਂਚ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ 'ਚ ਹੋਰ ਗ੍ਰਿਫ਼ਤਾਰੀਆਂ ਵੀ ਹੋ ਸਕਦੀਆਂ ਹਨ। ਇਨ੍ਹਾਂ ਗ੍ਰਿਫ਼ਤਾਰ ਕੀਤੇ ਗਏ ਅਧਿਕਾਰੀਆਂ 'ਚ ਪੰਜਾਬੀ ਮੂਲ ਦਾ ਇੱਕ ਸਾਰਜੈਂਟ ਵੀ ਸ਼ਾਮਿਲ ਹੈ।

ਯੌਰਕ ਰੀਜਨਲ ਪੁਲੀਸ ਵਲੋਂ ਪ੍ਰੋਜੈਕਟ ਸਾਊਥ ਨਾਮ ਹੇਠ ਚਲਾਈ ਗਈ ਇਸ ਮਹੀਨਿਆਂ ਬੱਧੀ ਜਾਂਚ ਦੀ ਸ਼ੁਰੂਆਤ ਓਦੋਂ ਹੋਈ ਜਦੋਂ ਪੁਲੀਸ ਨੇ ਯੌਰਕ ਰੀਜਨ 'ਚ ਕਤਲ ਦੀ ਇੱਕ ਸਾਜ਼ਿਸ਼ ਨੂੰ ਨਾਕਾਮ ਕੀਤਾ। ਜਾਂਚ ਦੌਰਾਨ ਸਾਹਮਣੇ ਆਇਆ ਕਿ ਟੋਰੌਂਟੋ ਪੁਲੀਸ ਸਰਵਿਸ ਦੇ ਕੁਝ ਅਧਿਕਾਰੀਆਂ ਨੇ ਗ਼ੈਰ-ਕਾਨੂੰਨੀ ਢੰਗ ਨਾਲ ਪੁਲੀਸ ਡੇਟਾਬੇਸ ਤੋਂ ਗੁਪਤ ਜਾਣਕਾਰੀ ਕੱਢ ਕੇ ਅਪਰਾਧਕ ਨੈੱਟਵਰਕਾਂ ਨਾਲ ਸਾਂਝੀ ਕੀਤੀ ਸੀ। ਇਸ ਜਾਣਕਾਰੀ ਦੀ ਵਰਤੋਂ ਬਾਅਦ 'ਚ ਜਬਰਨ ਵਸੂਲੀਆਂ, ਵਪਾਰਕ ਲੁੱਟਾਂ-ਖੋਹਾਂ ਅਤੇ ਗੋਲੀਬਾਰੀ ਵਰਗੀਆਂ ਘਟਨਾਵਾਂ 'ਚ ਕੀਤੀ ਗਈ।

ਗ੍ਰਿਫ਼ਤਾਰ ਕੀਤੇ ਗਏ ਪੁਲੀਸ ਮੁਲਾਜ਼ਮਾਂ 'ਚ 38 ਸਾਲਾ ਸਾਰਜੰਟ ਸੌਰਭਜੀਤ ਬੇਦੀ (ਟੋਰੌਂਟੋ ਪੁਲੀਸ ਸਰਵਿਸ) ਦਾ ਨਾਮ ਪ੍ਰਮੁੱਖ ਤੌਰ 'ਤੇ ਸਾਹਮਣੇ ਆਇਆ ਹੈ। ਇਸ ਤੋਂ ਇਲਾਵਾ ਇਸ ਮਾਮਲੇ 'ਚ ਕੁੱਲ 19 ਹੋਰ ਲੋਕਾਂ 'ਤੇ ਵੀ ਵੱਖ-ਵੱਖ ਦੋਸ਼ ਲਗਾਏ ਗਏ ਹਨ ਜਿਨ੍ਹਾਂ 'ਚ ਮਿਲਟਨ ਨਿਵਾਸੀ 32 ਸਾਲਾ ਦਲਜੀਤ ਸਿੰਘ ਵੀ ਸ਼ਾਮਿਲ ਹੈ।

ਇਨ੍ਹਾਂ ਅਧਿਕਾਰੀਆਂ 'ਤੇ ਕਈ ਗੰਭੀਰ ਇਲਜ਼ਾਮ ਲਗਾਏ ਗਏ ਹਨ ਜਿਨ੍ਹਾਂ 'ਚ ਗੁਪਤ ਪੁਲੀਸ ਡੇਟਾਬੇਸ ਦੀ ਗ਼ਲਤ ਵਰਤੋਂ ਅਤੇ ਜਾਣਕਾਰੀ ਲੀਕ ਕਰਨਾ, ਰਿਸ਼ਵਤਖੋਰੀ ਅਤੇ ਹਥਿਆਰਾਂ ਦੀ ਸਪਲਾਈ ਨਾਲ ਸਬੰਧਤ ਮਾਮਲੇ, ਕੋਕੇਨ ਦੀ ਤਸਕਰੀ ਅਤੇ ਨਿੱਜੀ ਜਾਇਦਾਦ (ਜਿਵੇਂ ਪਾਸਪੋਰਟ, ਹੈੱਲਥ ਕਾਰਡਜ਼ ਅਤੇ ਕ੍ਰੈਡਿਟ ਕਾਰਡਜ਼) ਦੀ ਚੋਰੀ ਵਰਗੇ ਕੇਸ ਸ਼ਾਮਿਲ ਹਨ।

ਯੌਰਕ ਰੀਜਨਲ ਪੁਲੀਸ ਦੇ ਚੀਫ਼ ਜਿਮ ਮੈਕਸਵੀਨ ਨੇ ਕਿਹਾ ਕਿ ਪੁਲੀਸ 'ਚ ਭ੍ਰਿਸ਼ਟਾਚਾਰ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਟੋਰੌਂਟੋ ਪੁਲੀਸ ਦੇ ਚੀਫ਼ ਮਾਈਰਨ ਡੇਮਕਿਵ ਨੇ ਵੀ ਵਿਸ਼ਵਾਸ ਦਿਵਾਇਆ ਕਿ ਇਹ ਬਹੁਤ ਗੰਭੀਰ ਦੋਸ਼ ਹਨ ਅਤੇ ਇਨ੍ਹਾਂ ਦਾ ਸਖ਼ਤ ਜਵਾਬ ਦਿੱਤਾ ਜਾਵੇਗਾ।

ਮਰਦਾਨਾ ਕਮਜ਼ੋਰੀ 416-992-5489
ਵਕੀਲ ਦੀ ਲੋੜ ? 905-362-0755
ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਸਸਤੀਆਂ ਹਵਾਈ ਟਿਕਟਾਂ 905-595-1700

ਸੱਚ ਹੋ ਗਈ ਬਾਬਾ ਵੈਂਗਾ ਦੀ ਸੋਨੇ-ਚਾਂਦੀ ਬਾਰੇ ਭਵਿੱਖਬਾਣੀ

ਵਾਸ਼ਿੰਗਟਨ: ਬੁਲਗਾਰੀਆ ਦੀ ਮਸ਼ਹੂਰ ਭਵਿੱਖਵਕਤਾ ਬਾਬਾ ਵੈਂਗਾ ਇੱਕ ਵਾਰ ਫ਼ਿਰ ਸੁਰਖ਼ੀਆਂ 'ਚ ਹੈ। ਸੋਸ਼ਲ ਮੀਡੀਆ 'ਤੇ ਚੱਲ ਰਹੀਆਂ ਚਰਚਾਵਾਂ ਅਨੁਸਾਰ ਜਦੋਂ ਦੁਨੀਆਂ ਇਸ ਸਮੇਂ ਮਹਿੰਗਾਈ, ਕਮਜ਼ੋਰ ਕਰੰਸੀ ਅਤੇ ਸੁਸਤ ਆਰਥਿਕ ਵਿਕਾਸ ਵਰਗੀਆਂ ਗੰਭੀਰ ਸਮੱਸਿਆਵਾਂ ਨਾਲ ਜੂਝ ਰਹੀ ਹੈ ਤਾਂ ਬਾਬਾ ਵੈਂਗਾ ਦੁਆਰਾ ਦਿੱਤੀ ਗਈ 'ਕੈਸ਼ ਸੰਕਟ 'ਦੀ ਚਿਤਾਵਨੀ ਨੇ ਲੋਕਾਂ ਦੀ ਚਿੰਤਾ ਵਧਾ ਦਿੱਤੀ ਹੈ।

ਬਾਬਾ ਵੈਂਗਾ ਨੇ ਭਵਿੱਖਬਾਣੀ ਕੀਤੀ ਸੀ ਕਿ ਆਉਣ ਵਾਲੇ ਸਮੇਂ 'ਚ ਅਜਿਹੇ ਹਾਲਾਤ ਬਣਨਗੇ ਜਿੱਥੇ ਕਾਗਜ਼ੀ ਮੁਦਰਾ (ਨੋਟ) ਹੌਲੀ-ਹੌਲੀ ਆਪਣੀ ਕੀਮਤ ਅਤੇ ਲੋਕਾਂ ਦਾ ਭਰੋਸਾ ਗੁਆ ਸਕਦੀ ਹੈ। ਅਜਿਹੀ ਸਥਿਤੀ 'ਚ ਬੈਂਕਾਂ 'ਚ ਰੱਖੇ ਪੈਸੇ ਅਤੇ ਨਕਦੀ 'ਤੇ ਪੂਰੀ ਤਰ੍ਹਾਂ ਨਿਰਭਰ ਰਹਿਣਾ ਮੁਸ਼ਕਿਲ ਹੋ ਜਾਵੇਗਾ ਅਤੇ ਲੋਕ ਠੋਸ ਸੰਪਤੀਆਂ ਨੂੰ ਜ਼ਿਆਦਾ ਸੁਰੱਖਿਅਤ ਮੰਨਣਗੇ।

ਭਵਿੱਖਬਾਣੀ 'ਚ ਕਿਹਾ ਗਿਆ ਹੈ ਕਿ ਆਰਥਿਕ ਅਨਿਸ਼ਚਿਤਤਾ ਦੇ ਇਸ ਦੌਰ 'ਚ ਸੋਨਾ, ਚਾਂਦੀ ਅਤੇ ਤਾਂਬੇ ਵਰਗੀਆਂ ਧਾਤਾਂ ਧਨ ਨੂੰ ਸੁਰੱਖਿਅਤ ਰੱਖਣ ਦਾ ਸਭ ਤੋਂ ਭਰੋਸੇਮੰਦ ਜ਼ਰੀਆ ਬਣ ਸਕਦੀਆਂ ਹਨ। ਇਨ੍ਹਾਂ ਨੂੰ ਲੰਬੇ ਸਮੇਂ ਤਕ ਟਿਕਾਊ ਸੰਪੱਤੀ ਮੰਨਿਆ ਜਾਂਦਾ ਹੈ। ਹਾਲ ਹੀ ਦੇ ਮਹੀਨਿਆਂ 'ਚ ਭਾਰਤੀ ਬਾਜ਼ਾਰ 'ਚ ਇਨ੍ਹਾਂ ਕੀਮਤੀ ਧਾਤਾਂ ਦੀਆਂ ਕੀਮਤਾਂ 'ਚ

ਰਿਕਾਰਡ ਉਛਾਲ ਦੇਖਿਆ ਗਿਆ ਹੈ। ਭਾਰਤ 'ਚ MCX 'ਤੇ ਸੋਨਾ ਕਰੀਬ 1.80 ਲੱਖ ਰੁਪਏ ਪ੍ਰਤੀ 10 ਗ੍ਰਾਮ ਤਕ ਪਹੁੰਚ ਗਿਆ। ਚਾਂਦੀ ਦੀਆਂ ਕੀਮਤਾਂ ਚਾਰ ਲੱਖ ਰੁਪਏ ਪ੍ਰਤੀ ਕਿਲੋ ਦੇ ਪੱਧਰ ਨੂੰ ਪਾਰ ਕਰ ਗਈਆਂ ਹਨ।

ਜਨਵਰੀ ਦੇ ਅੰਤ 'ਚ ਬਾਜ਼ਾਰ 'ਚ ਕੁਝ ਗਿਰਾਵਟ ਜ਼ਰੂਰ ਦੇਖੀ ਗਈ ਸੀ ਜਿਸ ਕਾਰਨ ਕਈ ਨਿਵੇਸ਼ਕਾਂ ਨੇ ਘਬਰਾਹਟ 'ਚ ਡਿਜੀਟਲ ਅਤੇ ਪੇਪਰ ਗੋਲਡ ਵੇਚ ਦਿੱਤਾ ਸੀ, ਪਰ ਜਲਦੀ ਹੀ ਕੀਮਤਾਂ 'ਚ ਫ਼ਿਰ ਤੋਂ ਮਜ਼ਬੂਤੀ ਆ ਗਈ। ਅਪ੍ਰੈਲ ਡਲਿਵਰੀ ਲਈ ਸੋਨਾ ਫ਼ਿਰ ਤੋਂ 1.59 ਲੱਖ ਰੁਪਏ ਦੇ ਕਰੀਬ ਪਹੁੰਚ ਗਿਆ ਹੈ। ਅਮਰੀਕੀ ਡਾਲਰ ਦੀ ਕਮਜ਼ੋਰੀ ਅਤੇ ਵੱਧਦੇ ਵਿਸ਼ਵ-ਵਿਆਪੀ ਕਰਜ਼ੇ ਕਾਰਨ ਹੁਣ ਨਿਵੇਸ਼ਕ ਸ਼ੇਅਰ ਬਾਜ਼ਾਰ ਦੀ ਬਜਾਏ ਰਵਾਇਤੀ ਵਿਕਲਪਾਂ (ਸੋਨਾ-ਚਾਂਦੀ) ਵਲ ਰੁਖ਼ ਕਰ ਰਹੇ ਹਨ। ਭਾਵੇਂ ਬਾਬਾ ਵੈਂਗਾ ਦੀਆਂ ਇਹ ਗੱਲਾਂ ਸੱਚ ਹੋਣ ਜਾਂ ਮਹਿਜ਼ ਇੱਕ ਇਤਫ਼ਾਕ, ਪਰ ਮੌਜੂਦਾ ਆਰਥਿਕ ਹਾਲਾਤ ਇਹ ਸਪੱਸ਼ਟ ਕਰ ਰਹੇ ਹਨ ਕਿ ਕੀਮਤੀ ਧਾਤਾਂ ਇੱਕ ਵਾਰ ਫ਼ਿਰ ਵਿਸ਼ਵ ਆਰਥਿਕ ਚਰਚਾ ਦਾ ਮੁੱਖ ਕੇਂਦਰ ਬਣ ਗਈਆਂ ਹਨ। ਹੁਣ ਸਵਾਲ ਇਹ ਉੱਠ ਰਿਹਾ ਹੈ ਕਿ ਕੀ ਇਹ ਕਿਸੇ ਵੱਡੀ ਆਰਥਿਕ ਚੁਣੌਤੀ ਦੀ ਦਸਤਕ ਹੈ ਜਾਂ ਸਿਰਫ਼ ਬਾਜ਼ਾਰ ਦਾ ਇੱਕ ਉਤਰਾਅ-ਚੜ੍ਹਾਅ।

ਨੋਟ: ਜੇਕਰ ਤੁਸੀਂ ਆਪਣੇ ਭਵਿੱਖ ਬਾਰੇ ਜੋਤਿਸ਼ ਵਿਦਿਆ ਦੇ ਆਧਾਰ 'ਤੇ ਕਿਸੇ ਕਿਸਮ ਦੀ ਜਾਣਕਾਰੀ ਹਾਸਿਲ ਕਰਨਾ ਜਾਂ ਜਨਮ ਪੱਤਰੀ, ਟੇਵੇ, ਆਦਿ ਬਣਵਾਉਣਾ ਚਾਹੁੰਦੇ ਹੋ ਤਾਂ ਅੱਜ ਹੀ ਵਿਸ਼ਵ ਪ੍ਰਸਿੱਧ ਜੋਤਿਸ਼ੀ ਪੰਕਜ ਗੋਗਨਾ ਨਾਲ 1-604-961-6635 'ਤੇ ਸੰਪਰਕ ਕਰੋ। ਉਹ ਭਾਰਤੀ ਵਿਸ਼ਵ ਵਿਦਿਆਲਿਆਂ ਤੋਂ ਜੋਤਿਸ਼ ਰਤਨ ਅਤੇ ਜੋਤਿਸ਼ ਭੂਸ਼ਣ ਨਾਲ ਸਨਮਾਨਿਤ ਕੀਤੇ ਜਾ ਚੁੱਕੇ ਹਨ।

Line of Credit Fix Bad Credit Get OSAP Loan 905-965-4644

DENTISTRY
PROFESSIONAL CORPORATION
* Scaling, Polishing
* Bleaching
* Crown, Bridges
* Dentures
* Fillings
* Extractions
* Root Canals
* Gum Treatment
DENTISTRY
BRACES TREATMENT FOR KIDS & ADULTS
For Free Dental Care & Dentures
Under Insurance Coverage Accepted
Direct Billing to Insurance Company
Punjabi Speaking Dentist Available
Ph. 647-625-7205
Dr. Sandhu Charolais/Mavis Dental Centre
(In Shoppers Drug Mart Plaza)
510 Charolais Blvd.
Unit 4, Brampton, ON L6Y 0R5
Phone: 905 455 8585
Gore Ebenezer Dental Centre
4550 Ebenezer Road
Unit No. 2 & 3 Brampton, On L6P 2R2
Phone: 905-794-5667
ਆਪਣੇ ਦੰਦਾਂ ਦੀ ਸੰਭਾਲ ਅਤੇ ਹਰ ਤਰ੍ਹਾਂ ਦੇ ਇਲਾਜ ਲਈ ਤੁਹਾਡਾ ਆਪਣਾ ਫੈਮਿਲੀ ਡੈਂਟਲ ਸੈਂਟਰ
Monday to Friday: 11 am to 7 pm, Saturday: 10 am to 3 pm
(with appointment only)

Your Waste
On Monday, February 16, there will be no garbage or organics pickup due to the Family Day holiday. They will be picked up one day later that week.
For recycling pickup information, visit circularmaterials.ca/peelregion

Sign up to receive FREE waste collection reminders
peelregion.ca/waste
@regionofpeel
@peelregion.ca
COM-0111-03 26/01
Peel Region